ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,
ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਐਸ ਸੀ ਓ-104-106, ਸੈਕਟਰ- 34 ਏ, ਚੰਡੀਗੜ੍ਹ
ਫੋਨ ਨੰ: 2623207, 2621106, 2624673, ਫੈਕਸ ਨੰ: 2624687, 2323206

---

ਸੇਵਾ ਵਿੱਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ, (ਐ.ਸਿ.), ਪੰਜਾਬ,
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ,
ਸਮੂਹ ਸਕੂਲ ਮੁਖੀ, ਪੰਜਾਬ

ਮੀਮੋ ਨੰ : 13/6-2010/ਸ.ਸ.ਅ./ਐਮ.ਆਈ.ਐਸ/ਡਾਈਜ਼/65038
ਮਿਤੀ : ਚੰਡੀਗੜ੍ਹ 15 ਅਕਤੁਬਰ, 2010

**ਵਿਸ਼ਾ: ਡਾਈਜ਼ ਸਰਵੇ 2010-11 ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਵਿਚ ਚੱਲ ਰਹੇ ਸਾਰੇ ਸਕੂਲ ਭਾਵ ਸਰਕਾਰੀ, ਪ੍ਰਾਈਵੇਟ ਮਾਨਤਾ ਪ੍ਰਾਪਤ, ਗੈਰ-ਮਾਨਤਾ, ਏਡਿਡ ਅਤੇ ਅਨਰੈਕੋਗਨਾਇਜ਼ ਆਦਿ ਤੋਂ ਸਾਲ 2010-11 ਲਈ ਸਕੂਲ ਸਬੰਧੀ ਆਂਕੜੇ ਇੱਕਤਰ ਕਰਨ ਲਈ ਡਾਈਜ਼ ਸਰਵੇ ਕੀਤਾ ਜਾ ਰਿਹਾ ਹੈ।

2. ਸਕੂਲਾਂ ਤੋਂ ਆਂਕੜੇ ਇੱਕਤਰ ਕਰਨ ਲਈ ਪ੍ਰਫਾਰਮੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਦਫਤਰ ਨੂੰ ਭੇਜ ਦਿੱਤੇ ਗਏ ਹਨ ਅਤੇ ਇਨ੍ਹਾਂ ਪ੍ਰਫਾਰਮਿਆਂ ਨੂੰ ਭਰਵਾਉਣ ਲਈ ਬੀ.ਆਰ.ਪੀ., ਬੀ.ਪੀ.ਸੀ. ਅਤੇ ਏ.ਬੀ.ਸੀ. ਨੂੰ ਟ੍ਰੇਨਿੰਗ ਮੁੱਖ ਦਫਤਰ ਵਲੋਂ ਦਿੱਤੀ ਜਾ ਚੁੱਕੀ ਹੈ।

3. ਇਸ ਦਫਤਰ ਵਲੋਂ ਇਹ ਹਦਾਇਤ ਵੀ ਕੀਤੀ ਗਈ ਹੈ ਕਿ ਪ੍ਰਫਾਰਮੇ ਸਕੂਲਾਂ ਤੋਂ ਬੀ.ਆਰ.ਪੀ., ਬੀ.ਪੀ.ਸੀ. ਅਤੇ ਏ.ਬੀ.ਸੀ. ਆਪ ਜਾ ਕੇ ਭਰਨਗੇ।

4. ਉਪਰੋਕਤ ਸਰਵੇ ਸਬੰਧੀ ਕੁੱਝ ਜਿਲ੍ਹਿਆਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਡਾਈਜ਼ ਪ੍ਰਫਾਰਮੇ ਸਬੰਧਤ ਬਲਾਕ ਅਧਿਕਾਰੀਆਂ ਵਲੋਂ ਸਕੂਲਾਂ ਵਿਚ ਦੇ ਦਿੱਤੇ ਗਏ ਹਨ ਅਤੇ ਸਕੂਲਾਂ ਨੂੰ ਇਹ ਪ੍ਰਫਾਰਮੇ ਭਰਨ ਲਈ ਕਿਹਾ ਗਿਆ ਹੈ।

5. ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਡਾਈਜ਼ ਪ੍ਰਫਾਰਮੇ ਬੀ.ਆਰ.ਪੀ., ਬੀ.ਪੀ.ਸੀ. ਅਤੇ ਏ.ਬੀ.ਸੀ. ਆਪ ਸਕੂਲਾਂ ਵਿਚ ਜਾ ਕੇ ਖੁਦ ਭਰਨਗੇ। ਇਹ ਪ੍ਰਫਾਰਮੇ ਕਿਸੇ ਵੀ ਸੂਰਤ ਵਿਚ ਸਕੂਲ ਇਨ੍ਹਾਂ ਅਧਿਕਾਰੀਆਂ ਦੀ ਗੈਰਹਾਜਰੀ ਵਿਚ ਨਹੀਂ ਭਰਨਗੇ।

6. ਜੇਕਰ ਕਿਸੇ ਸਕੂਲ ਮੁਖੀ ਨੂੰ ਇਹ ਪ੍ਰਫਾਰਮੇ ਭਰਨ ਲਈ ਬਲਾਕ ਅਧਿਕਾਰੀ ਵਲੋਂ ਕਿਹਾ ਜਾਂਦਾ ਹੈ ਤਾਂ ਇਸ ਸਬੰਧੀ ਤੁਰੰਤ ਆਪਣੇ ਜਿਲ੍ਹੇ ਦੇ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਨੂੰ ਸੂਚਿਤ ਕੀਤਾ ਜਾਵੇ।

**ਸਹੀ/-**
**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**